# Memorandum of Understanding (MoU)

ਇਹ MoU ਅੱਜ ਮਿਤੀ 04.12.2023 ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਜਿਲ੍ਹਾ ਪ੍ਰਸ਼ਾਸ਼ਨ, ਪਟਿਆਲਾ ਵਿੱਚਕਾਰ ਕੀਤਾ ਗਿਆ ਹੈ।

1. ਇਸ MoU ਦਾ ਮੁੱਖ ਮੰਤਵ ਦਿਵਿਆਂਗ ਵਿਦਿਆਰਥੀਆਂ ਨੂੰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਰਾਹੀਂ ਉਚੇਰੀ ਸਿੱਖਿਆ (under graduate courses) ਪ੍ਰਦਾਨ ਕਰਨਾ ਹੈ।
2. ਵਾਣੀ ਇੰਟੀਗ੍ਰੇਟਿਡ ਸਕੂਲ ਫਾਰ ਹੀਰਿੰਗ ਇਮਪੇਅਰਡ, 594-ਏ, ਫੇਜ਼-2, ਅਰਬਨ ਅਸਟੇਟ, ਪਟਿਆਲਾ ਵਿਖੇ ਸਥਾਪਤ ਹੈ ਅਤੇ ਦਿਵਿਆਂਗ ਵਿਦਿਆਰਥੀਆਂ ਦੀ ਸਿੱਖਿਆ ਲਈ ਕੰਮ ਕਰ ਰਿਹਾ ਹੈ। ਇਹ ਸਕੂਲ ਦਿਵਆਂਗਜਨਾਂ ਲਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਉਚੇਰੀ ਸਿੱਖਿਆ ਪ੍ਰਾਪਤ ਕਰਨ ਲਈ ਇਕ ਰਿਸੋਰਸ ਸੈਂਟਰ ਵਜੋਂ ਕੰਮ ਕਰੇਗਾ।
3. ਪ੍ਰਿੰਸੀਪਲ, ਵਾਣੀ ਇੰਟੀਗ੍ਰੇਟਿਡ ਸਕੂਲ ਫਾਰ ਹੀਰਿੰਗ ਇਮਪੇਅਰਡ ਦਿਵਿਆਂਗ ਵਿਦਿਆਰਥੀਆਂ ਦੀ ਪਾਤਰਤਾ ਚੈੱਕ ਕਰਕੇ ਯੋਗ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਵਿੱਚ ਰਜਿਸਟਰ ਕਰਨ, ਦਾਖਲਾ ਕਰਾਉਣ, ਪਾਠ ਸਮੱਗਰੀ ਮੁਹੱਈਆ ਕਰਾਉਣ ਅਤੇ ਪ੍ਰੀਖਿਆਵਾਂ ਕੰਡਕਟ ਕਰਾਉਣ ਆਦਿ ਵਿੱਚ ਦਿਵਿਆਂਗ ਵਿਦਿਆਰਥੀਆਂ ਦੀ ਮਦਦ ਕਰੇਗਾ।
4. ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਦਾਖਲਾ ਲੈਣ ਵਾਲੇ ਦਿਵਿਆਂਗ ਵਿਦਿਆਰਥੀਆਂ ਲਈ ਪ੍ਰੀਖਿਆ ਆਦਿ ਸਮੇਂ ਜ਼ਰੂਰਤ ਪੈਣ ਤੇ ਵਾਣੀ ਇੰਟੀਗ੍ਰੇਟਿਡ ਸਕੂਲ ਫਾਰ ਹੀਰਿੰਗ ਇਮਪੇਅਰਡ, ਪਟਿਆਲਾ ਵਲੋਂ ਸਾਇਨ ਲੈਂਗੂਏਜ਼ ਇੰਟਰਪ੍ਰੇਟਰ ਜਾਂ Lip Reader ਅਤੇ scribe ਮੁਹੱਈਆ ਕਰਵਾਇਆ ਜਾਵੇਗਾ।
5. ਦਿਵਿਆਂਗ ਵਿਦਿਆਰਥੀਆਂ ਦੀ ਸਹੂਲਤ/ਮਦਦ ਲਈ ਸੈਂਟਰ ਫਾਰ 'ਦ ਇੰਪਾਵਰਮੈਂਟ ਆਫ਼ ਪਰਸਨਜ਼ ਵਿਦ ਡਿਸਏਬਿਲਟੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਇੱਕ ਨੋਡਲ ਸੈਂਟਰ ਦੇ ਤੌਰ ਤੇ ਕੰਮ ਕਰੇਗਾ।
6. ਦਿਵਿਆਂਗ ਵਿਦਿਆਰਥੀਆਂ ਦੀ ਸਹੂਲਤਾ ਲਈ under graduate ਕੋਰਸਾਂ (ਜਿਨ੍ਹਾਂ ਵਿੱਚ ਨਿਮਨ ਲਿਖਤ ਦਿਵਿਆਂਗ ਵਿਦਿਆਰਥੀ eligible ਹਨ) ਦੇ ਇਮਤਿਹਾਨ ਲਈ 21 ਤਰ੍ਹਾਂ ਦੀਆਂ disabilities ਵਿੱਚੋਂ ਹੇਠਾਂ ਦਰਸਾਈਆਂ 09 disabilities ਦੇ ਲਈ ਇੱਕੋ ਤਰ੍ਹਾਂ ਦਾ multiple choice question paper ਹੋਵੇਗਾ:

| ਲੜੀ ਨੰ: | ਅਪੰਗਤਾ ਦੀ ਕਿਸਮ | ਪੰਜਾਬੀ ਅਨੁਵਾਦ |
|---|---|---|
| 1. | Hearing Impairment(deaf and hard of hearing) | ਸੁਣਨ-ਬੋਲਣ ਵਿੱਚ ਅਸਮਰੱਥ ਜਾਂ ਉੱਚਾ/ਘੱਟ ਸੁਣਨਾ |
| 2. | Intellectual Disability | ਮਾਨਸਿਕ ਮੰਦਤਾ(ਮੰਦਬੁੱਧੀ) |
| 3. | Autism Spectrum Disorder(ASD) | ਮਸਤ-ਮਲੰਗ, ਆਤਮ ਲੀਨਤਾ |
| 4. | Cerebral Palsy | ਦਿਮਾਗੀ ਲਕਵਾ |
| 5. | Chronic Neurological Conditions | ਗੰਭੀਰ ਤੰਤੂ ਵਿਗਿਆਨਕ ਸਥਿਤੀ |
| 6. | Specific Learning Disability | ਸਿੱਖਣ ਸਬੰਧੀ ਅਪੰਗਤਾ |
| 7. | Multiple Disabilities including deaf-blindness | ਬਹੁ-ਵਿਕਲਾਂਗਤਾ(ਡੈਫ-ਬਲਾਇਡ ਸਮੇਤ) |
| 8. | Parkinson's Disease | ਦਿਮਾਗੀ ਵਿਕਾਰ |
| 9. | Mental illness | ਮਾਨਸਿਕ ਤੌਰ ਤੇ ਬੀਮਾਰ |

7. ਸੈਂਟਰ ਫਾਰ ਆਨ ਲਾਇਨ ਅਤੇ ਡਿਸਟੈਂਸ ਲਰਨਿੰਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਚਲਾਏ ਜਾ ਰਹੇ ਆਪਣੇ ਕੋਰਸਾਂ ਸਬੰਧੀ ਵਿਦਿਆਰਥੀਆਂ ਦੀ ਸਹਾਇਤਾ ਲਈ ਛਪੀ ਹੋਈ ਪਾਠ ਸਮੱਗਰੀ ਅਤੇ ਕੁਝ ਹਿੱਸਾ audio/video lessons ਵਿੱਚ ਵਿਦਿਆਰਥੀਆਂ ਨੂੰ ਮੁਹੱਈਆ ਕਰਵਾਏਗਾ।

8. ਸੈਂਟਰ ਫਾਰ ਆਨ ਲਾਇਨ ਅਤੇ ਡਿਸਟੈਂਸ ਲਰਨਿੰਗ ਵਿਭਾਗ ਆਪਣੇ ਕੋਰਸ ਵਿੱਚ ਦਾਖਲਾ ਲੈਣ ਵਾਲੇ ਦਿਵਿਆਂਗ ਵਿਦਿਆਰਥੀਆਂ ਨੂੰ ਦਾਖਲਾ ਫਾਰਮ ਅਤੇ ਪ੍ਰੀਖਿਆ ਫਾਰਮ ਭਰਨ ਅਤੇ ਰੈਗੂਲਰ ਵਿਦਿਆਰਥੀਆਂ ਵਾਂਗ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਪ੍ਰਦਾਨ ਕਰੇਗਾ।

9. ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਤੇ ਦਿਵਿਆਂਗ ਵਿਦਆਰਥੀਆਂ ਲਈ ਜਾਰੀ ਦਿਸ਼ਾ ਨਿਰਦੇਸ਼ ਲਾਗੂ ਹੋਣਗੇ।

1/12/23

Vice-Chancellor
Punjabi University
Patiala

Witness 1:

Dr.(Sanjiv Puri)
Director, Planning and Monitoring

Witness 2:

Dr.(Kiran Kumari)
Co-ordinator,
Centre for Improvement of Persons with Disabilities

Deputy Commissioner-cum-President
District Child Welfare Council
Patiala

Witness 1:

Sukhchain Kaur

Smt.(Sukhchain Kaur)
Principal
Vani Integrated School for Hearing Impaired